
1984-_2011June27_16x10.25:Layout 1 10/1/2014 8:50 PM Page 1





ਸਾਲ 1984 ਸਿੱਖ ਕੌਮ ਉੱਪਰ ਕਹਿਰ ਬਣਕੇ ਝੁੱਲਿਆ ਜਿਸ ਦੌਰਾਨ ਸਿੱਖਾਂ ਨੂੰ ਜੂਨ ਅਤੇ ਨਵੰਬਰ 1984 ਵਰਗੇ ਸਰਕਾਰੀ ਕਤਲੇਆਮ ਦਾ ਸ਼ਿਕਾਰ ਹੋਣਾ ਪਿਆ। ਸਿੱਖਾਂ ਨੂੰ 1984 ਦੇ ਜ਼ੁਲਮਾਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਤਾਂ ਕਿ ਅਜਿਹਾ ਦੁਖਾਂਤ ਦੁਬਾਰਾ ਕਦੇ ਵੀ, ਕਿਸੇ ਨਾਲ ਨਾ ਵਾਪਰੇ। ਹੱਥਲੀ ਲਿਖਤ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਬਾਰੇ ਤੱਥਾਂ ਨੂੰ ਸਾਂਝਾ ਕਰਦੀ ਹੈ।

## ਨਵੰਬਰ 1984 ਵਿੱਚ ਸਿੱਖਾਂ ਨਾਲ ਕੀ ਹੋਇਆ?

ਨਵੰਬਰ 1984 ਦੇ ਪਹਿਲੇ ਹਫਤੇ ਹਜ਼ਾਰਾਂ ਹੀ ਸਿੱਖਾਂ ਨੂੰ ਦਿੱਲੀ (ਭਾਰਤ ਦੀ ਰਾਜਧਾਨੀ) ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਦਿਲ ਕੰਬਾਊ ਨਸਲਕੁਸ਼ੀ ਦਾ ਸ਼ਿਕਾਰ ਹੋਣਾ ਪਿਆ। ਸਿੱਖ ਇਸਤਰੀਆਂ ਨਾਲ ਸਮੂਹਿਕ ਬਲਾਤਕਾਰ ਹੋਏ, ਹਜ਼ਾਰਾਂ ਸਿੱਖ ਬੱਚੇ ਯਤੀਮ ਕਰ ਦਿੱਤੇ ਗਏ, ਸਿੱਖਾਂ ਦੇ ਧਾਰਮਿਕ ਅਸਥਾਨ, ਵਪਾਰਕ ਅਦਾਰੇ ਅਤੇ ਘਰ ਬਾਰ ਇੱਕ ਯੋਜਨਾਂਬਧ ਤਰੀਕੇ ਨਾਲ ਤਬਾਹ ਕਰ ਦਿੱਤੇ ਗਏ, ਜਿਸਦੇ ਵਿੱਚ ਪ੍ਰਸ਼ਾਸ਼ਨ ਅਤੇ ਰਾਜਨੀਤਿਕ ਸਤਾ ਦੀ ਸ਼ਮੂਲੀਅਤ ਸ਼ਰੇਆਮ ਨਜ਼ਰ ਆਉਂਦੀ ਹੈ।

*More Info: www.thewidowcolony.com*



## ਸਿੱਖ ਨਸਲਕੁਸ਼ੀ ਨੂੰ ਕਿਵੇਂ ਅੰਜ਼ਾਮ ਦਿੱਤਾ ਗਿਆ?

ਸਿੱਖ ਨਸਲਕੁਸ਼ੀ ਇੱਕ ਯੋਜਨਾਬਧ ਸ਼ਾਜਿਸ਼ ਸੀ ਜਿਸ ਵਿੱਚ ਹਜ਼ਾਰਾਂ ਹੀ ਕਾਤਲ ਇੱਕੋ ਹੀ ਆਕਾਰ ਦੀਆਂ ਲੋਹੇ ਦੀਆਂ ਰਾਡਾਂ ਅਤੇ ਪਾਬੰਧੀ ਸ਼ੁਦਾ ਅੱਗ-ਲਾਊ ਪਾਊਡਰ ਜੋ ਕਿ ਬਜ਼ਾਰਾਂ ਵਿੱਚੋਂ ਆਮ ਨਹੀਂ ਮਿਲਦਾ, ਮਿੱਟੀ ਦਾ ਤੇਲ, ਪੈਟਰੋ਼ਲ ਆਦਿ ਨਾਲ ਲੈਸ ਸਨ। ਕਾਤਲ ਟੋਲਿਆਂ ਨੇ ਸਰਕਾਰੀ ਰਿਕਾਰਡ ਦੀ ਮੱਦਦ ਨਾਲ ਸਿੱਖਾਂ ਦੀ ਨਿਸ਼ਾਨ ਦੇਹੀ ਕੀਤੀ।

*More Info: www.carnage84.com*

ਕਿਤੇ ਵੀ ਹੋਈ ਬੇਇਨਸਾਫ਼ੀ, ਇਨਸਾਫ਼ ਲਈ ਹਰ ਜਗ੍ਹਾ ਤੇ ਖ਼ਤਰਾ ਹੈ - *ਮਾਰਟਨ ਲੂਥਰ ਕਿੰਗ ਜੂਨੀਅਰ*



## ਸਿੱਖ ਨਸਲਕੁਸ਼ੀ ਦੌਰਾਨ ਸਰਕਾਰ ਦਾ ਕੀ ਰੋਲ ਸੀ?



ਸਰਕਾਰੀ ਮਲਕੀਅਤ ਅਤੇ ਕੰਟਰੋਲ ਅਧੀਨ ਮੀਡੀਏ ਨੇ ਬਹੁਗਿਣਤੀ ਨੂੰ ਸਿੱਖਾਂ ਦੇ ਖਿਲਾਫ ਹਿੰਸਾ ਲਈ ਭੜਕਾਇਆ। ਸਰਕਾਰੀ ਨੁਮਾਂਇਦਿਆਂ ਨੇ ਕਾਤਲ ਟੋਲਿਆਂ ਦੀ ਅਗਵਾਈ ਕਰਦੇ ਹੋਏ ਸਿੱਖਾਂ ਦਾ ਸ਼ਿਕਾਰ ਖੇਡਿਆ। ਪੁਲੀਸ ਨੇ ਸਿੱਖਾਂ ਦੇ ਬਚਾਅ ਲਈ ਕੋਈ ਕਦਮ ਨਹੀਂ ਚੁੱਕਿਆ ਸਗੋਂ ਕਈ ਥਾਵਾਂ ਤੇ ਉਹ ਆਪ ਵੀ ਹਿੰਸਕ ਹਜੂਮ ਨਾਲ ਜਾ ਰਲੇ। ਸਰਕਾਰੀ ਅਧਿਕਾਰੀਆਂ ਨੇ ਸਿੱਖਾਂ ਦੇ ਬਚਾਅ ਲਈ ਫੌਜ ਦੀ ਮਦਦ ਨਹੀਂ ਮੰਗੀ ਜਦੋਂ ਕਿ ਫੌਜੀ ਛਾਉਂਣੀਆਂ ਸ਼ਹਿਰਾਂ ਵਿੱਚ ਹੀ ਮੌਜੂਦ ਸਨ। ਸਰਕਾਰ ਨੇ ਜਾਣ ਬੁੱਝ ਕੇ ਦੜ੍ਹ ਵੱਟੀ ਰੱਖੀ ਤੇ ਆਪਣੇਂ ਹੀ ਦੇਸ਼ ਦੇ ਨਾਗਰਿਕਾਂ ਨੂੰ ਵਹਿਸ਼ੀ ਕਾਤਲਾਂ ਦੇ ਰਹਿਮੋ ਕਰਮ ਤੇ ਛੱਡ ਦਿੱਤਾ।

ਵਧੇਰੇ ਜਾਣਕਾਰੀ ਲਈ ਪੜ੍ਹੋ: "ਜਦੋਂ ਇੱਕ ਦਰਖਤ ਨੇ ਦਿੱਲੀ ਹਿਲਾਈ"
ਐਚ ਐਸ ਫੂਲਕਾ ਅਤੇ ਮਨੋਜ ਮਿੱਟਾ



## ਕੀ 'ਸਿੱਖ ਨਸਲਕੁਸ਼ੀ' ਨੂੰ ਦੰਗੇ ਕਿਹਾ ਜਾ ਸਕਦਾ ਹੈ?

ਨਹੀਂ! ਇਸਨੂੰ ਨਸਲਕੁਸ਼ੀ ਹੀ ਕਿਹਾ ਜਾ ਸਕਦਾ ਹੈ। ਕਿਉਂਕਿ ਕੇਵਲ ਸਿੱਖਾਂ ਨੂੰ ਹੀ, ਜਿਨ੍ਹਾਂ ਵਿੱਚ ਮਰਦ, ਔਰਤਾਂ ਅਤੇ ਬੱਚੇ ਸ਼ਾਮਿਲ ਸਨ, ਆਪਣੇ ਧਰਮ ਅਤੇ ਵੱਖਰੀ ਪਹਿਚਾਣ ਕਰਕੇ ਯੋਜਨਾਬਧ ਤਰੀਕੇ ਨਾਲ ਕਤਲ ਕੀਤਾ ਗਿਆ। ਇਸ ਲਈ ਯੂਨਾਈਟਡ ਨੇਸ਼ਨ ਦੀ ਕਨਵੈਨਸ਼ਨ 'ਨਸਲਕੁਸ਼ੀ ਦੇ ਬਚਾਅ ਅਤੇ ਸਜ਼ਾ' ਦੀ ਧਾਰਾ 2 ਅਨੁਸਾਰ ਸਿੱਖਾਂ ਦਾ ਇਹ ਕਤਲੇਆਮ ਦੰਗੇ ਨਹੀਂ ਸਗੋਂ ਨਸਲਕੁਸ਼ੀ ਹੈ।

*More Info: www.ensaaf.org*



## ਕੀ ਸੰਸਾਰ ਦੇ 'ਸਭ ਤੋਂ ਵੱਡੇ ਲੋਕਤੰਤਰ' ਕਹਾਉਣ ਵਾਲੇ ਮੁਲਕ ਵਿੱਚ ਸਿੱਖਾਂ ਨੂੰ ਇਨਸਾਫ ਮਿਲਿਆ?




ਨਹੀਂ! 1984 ਤੋਂ ਲੈ ਕੇ ਹੁਣ ਤੱਕ ਜਾਣ ਬੁੱਝ ਕੇ ਸਿੱਖਾਂ ਨੂੰ ਇਨਸਾਫ ਤੋਂ ਵਾਂਝਿਆਂ ਰੱਖਿਆ ਗਿਆ। ਸਿੱਖ ਨਸਲਕੁਸ਼ੀ ਬਾਰੇ ਸਰਕਾਰੀ ਤੌਰ ਤੇ ਬਿਠਾਏ ਗਏ 10 ਕਮਿਸ਼ਨਾਂ ਦੀਆਂ ਰਿਪੋਰਟਾਂ ਤੋਂ ਬਾਅਦ ਵੀ ਮੁਜ਼ਰਮ ਸ਼ਰੇਆਮ ਖੁਲ੍ਹੇ ਹੀ ਨਹੀਂ ਘੁੰਮ ਰਹੇ, ਸਗੋਂ ਉਹ ਉੱਚੀਆਂ ਸਰਕਾਰੀ ਤੇ ਰਾਜਨੀਤਕ ਪਦਵੀਆਂ ਦਾ ਅਨੰਦ ਮਾਣ ਰਹੇ ਹਨ। ਦੂਜੇ ਪਾਸੇ ਸਿੱਖ ਨਸਲਕੁਸ਼ੀ ਦੇ ਪੀੜਤ ਇਨਸਾਫ਼ ਦੀ ਉਡੀਕ ਵਿੱਚ ਸੰਸਾਰ ਤੋਂ ਕੂਚ ਕਰ ਰਹੇ ਹਨ। ਕੁਝ ਸਮਾਂ ਪਹਿਲਾਂ ਹੀ ਸਿੱਖ ਨਸਲਕੁਸ਼ੀ ਦੇ ਨਵੇਂ ਸਬੂਤ ਹੋਂਦ ਚਿਲੜ, ਪਟੌਦੀ ਅਤੇ ਰਿਆਸੀ ਜਗ ਜਾਹਿਰ ਹੋਏ ਹਨ। ਸਰਕਾਰ ਵੱਲੋਂ ਸਿੱਖ ਨਸਲਕੁਸ਼ੀ ਦੇ ਮੁਜ਼ਰਮਾਂ ਨੂੰ ਸਜ਼ਾ ਨਾ ਦੇਣ ਕਰਕੇ ਹੀ ਭਾਰਤ ਦੇ ਹੋਰਨਾਂ ਥਾਵਾਂ, ਜਿਵੇਂ ਕਿ ਅਯੁੱਧਿਆ, ਯੂ.ਪੀ (1992), ਅਹਿਮਦਾਬਾਦ, ਗੁਜਰਾਤ (2002) ਵਿਚ ਮੁਸਲਮਾਨਾਂ ਨੂੰ ਅਤੇ ਕਾਣਧਮਾਲ, ਉੜੀਸਾ (2008) ਵਿੱਚ ਈਸਾਈਆਂ ਨੂੰ ਅਜਿਹੇ ਹੀ ਕਤਲੇਆਮ ਦਾ ਸ਼ਿਕਾਰ ਹੋਣਾ ਪਿਆ ਜੋ ਕਿ ਭਾਰਤ ਵਿੱਚ ਘੱਟ ਗਿਣਤੀਆਂ ਦੀ ਹੋਂਦ ਨੂੰ ਗੰਭੀਰ ਖ਼ਤਰਾ ਹੈ।

*More Info: Final Solution, a documentary film*

## ਸਿੱਖ ਕੌਮ ਨੇ ਇਸ ਨਸਲਕੁਸ਼ੀ ਵਿਰੁੱਧ ਕਿਹੋ ਜਿਹਾ ਪ੍ਰਤੀਕਰਮ ਦਿੱਤਾ?

ਸੰਸਾਰ ਪੱਧਰ ਤੇ ਸਿੱਖਾਂ ਨੇ ਆਪੋ ਆਪਣੇਂ ਢੰਗਾਂ ਅਨੁਸਾਰ ਇਸ ਨਸਲਕੁਸ਼ੀ ਵਿਰੁੱਧ ਅਵਾਜ਼ ਉਠਾਈ। ਜਿਥੇ ਸਿੱਖ ਇਨਸਾਫ਼ ਲਈ ਕਾਨੂੰਨੀ ਲੜਾਈ ਲੜ ਰਹੇ ਹਨ ਉਥੇ ਸਿੱਖ ਸੰਸਥਾਵਾਂ ਅਤੇ ਸਿੱਖ ਮੀਡੀਆ ਇਸ ਨਸਲਕੁਸ਼ੀ ਨੂੰ ਆਪੋ-ਆਪਣੇ ਸਾਧਨਾਂ ਰਾਹੀਂ ਜੱਗ-ਜ਼ਾਹਰ ਕਰ ਰਹੇ ਹਨ। ਇਸ ਬਾਰੇ ਲੇਖ, ਕਿਤਾਬਾਂ ਅਤੇ ਫਿਲਮਾਂ ਵੀ ਬਣਾਈਆਂ ਗਈਆਂ ਹਨ। ਕਈ ਮੁਲਕਾਂ ਵਿੱਚ ਨਵੰਬਰ ਦੇ ਪਹਿਲੇ ਹਫ਼ਤੇ ਮੋਮਬਤੀਆਂ ਜਗਾ ਕੇ ਜਾਂ ਇੱਕ ਨਵੰਬਰ ਦੀ ਸ਼ਾਮ ਨੂੰ 6 ਵਜੇ ਇੱਕ ਮਿੰਟ ਚੁੱਪ ਧਾਰ ਕੇ ਨਸਲਕੁਸ਼ੀ ਦੀ ਭੇਂਟ ਚੜ੍ਹੇ ਲੋਕਾਂ ਨੂੰ ਚੇਤੇ ਕੀਤਾ ਜਾਂਦਾ ਹੈ। ਕੈਨੇਡਾ ਦੇ ਸਿੱਖਾਂ ਵੱਲੋਂ ਇਸ ਨਸਲਕੁਸ਼ੀ ਦੀ ਯਾਦ ਵਿੱਚ ਖ਼ੂਨਦਾਨ ਮੁਹਿੰਮ ਚਲਾਈ ਜਾਂਦੀ ਹੈ ਜਿਸ ਸਦਕਾ ਹੁਣ ਤੱਕ 92 ਹਜ਼ਾਰ ਤੋਂ ਵੀ ਵੱਧ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ। ਜੀਵਨਦਾਨ ਕਰਕੇ ਕਾਤਲ ਸੋਚ ਵਿਰੁੱਧ ਦ੍ਰਿੜਤਾ ਅਤੇ ਨਿਡਰਤਾ ਨਾਲ ਅਵਾਜ਼ ਬੁਲੰਦ ਕਰਨ ਵਾਲੀ ਇਹ ਇੱਕ ਨਵੇਕਲੀ ਲੋਕ ਲਹਿਰ ਹੈ। ਸਿੱਖ ਕੌਮ ਸੰਸਾਰ ਦੇ ਸਾਰੇ ਇਨਸਾਫ਼ ਅਤੇ ਸ਼ਾਂਤੀ ਪਸੰਦ ਲੋਕਾਂ ਨੂੰ ਇਸ ਮਨੁੱਖਤਾ-ਵਾਦੀ ਲਹਿਰ ਵਿੱਚ ਸ਼ਾਮਲ ਹੋਣ ਲਈ ਅਪੀਲ ਕਰਦੀ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ।

ਆਉ! ਨਸਲਕੁਸ਼ੀ ਵਿਰੁਧ ਮੁਹਿੰਮ ਵਿੱਚ ਸ਼ਾਮਲ ਹੋਈਏ।
ਸਿੱਖ ਕੌਮ ਵੱਲੋਂ ਖ਼ੂਨਦਾਨ ਮੁਹਿੰਮ

**604-218-1984 www.genocide1984.com**


ਚੰਗੇ ਲੋਕਾਂ ਦੀ ਚੁੱਪ ਬੁਰਾਈ ਦੀ ਜਿੱਤ ਦਾ ਸਾਧਨ ਬਣਦੀ ਹੈ - *ਐਡਮੰਡ ਬਰਕ*

ਮਜ਼ਲੂਮ ਨਾ ਬਣੋ, ਜ਼ਾਲਮ ਨਾ ਬਣੋ, ਇਸ ਤੋਂ ਵੀ ਉੱਪਰ ਅਤਿਆਚਾਰ ਦੇ ਤਮਾਸ਼ਬੀਨ ਨਾ ਬਣੋ - *ਹੋਲੋਕਾਸਟ ਮਿਉਜ਼ੀਅਮ*

1984-_2011June27_16x10.25:Layout 1 10/1/2014 8:50 PM Page 2



# 1984



The year 1984 was very tragic and traumatic for Sikhs, as they had to endure gruesome attacks in both June and November. Sikhs around the world should work to keep the memories of 1984 alive, so tragedies like these will not be repeated. This handout will share a dialogue about the November 1984 Sikh Genocide.

## What happened to Sikhs in November of 1984?

In the first week of November 1984, thousands of Sikhs were massacred in India's capital city, New Delhi, as well as in other parts of India. Sikh women were gang raped, thousands of children orphaned, and Sikh residences, businesses and religious institutions were ransacked and destroyed in an organized manner with the open complicity of political and civil authorities.

*More Info: www.thewidowcolony.com*



## How was the Sikh Genocide executed?

The Sikh Genocide was planned as the mobs of thousands were well equipped with uniform size iron rods, restricted inflammable powder, kerosene and petrol. Killer mobs targeted Sikhs with the help of official records.

**More Info: www.carnage84.com**

"Injustice anywhere is a threat to justice everywhere" – *Martin Luther King*



## What was the role of the State during the Sikh Genocide?



The state owned and controlled media was instigating mobs to take hostile action against Sikhs. Politicians such as Jagdish Tytler were leading mobs to hunt Sikhs. The police did not take any action to defend the Sikhs, and instead worked in unison with the killers in many places. The executive branch did not request for help from the army even though it was available nearby. The state deliberately failed its citizens.

***More Info: When a Tree Shook Delhi, a book by H.S. Phoolka & Manoj Mitta***



## Can the killings of the Sikhs be termed as riots?

NO -- this was genocide because only Sikhs were killed in a systematic and planned manner. Sikh men, women, and children were targeted for their religion and distinctive appearance so it should be called a Sikh Genocide as defined in Article 2 of The United Nations Convention on the Prevention and Punishment of the Crime of Genocide.

**More Info: www.ensaaf.org**

SPEAK OUT - SAVE LIVES

## Has justice been served to Sikhs in the biggest democracy of the world?




NO -- since 1984, justice has been deliberately delayed and denied to Sikhs. Even after the establishment of ten State Commissions to investigate the November 1984 Sikh Genocide, the culprits are free and enjoying powerful political and state positions. On the other hand, Sikh victims of this genocide are dying awaiting justice. Recently fresh evidence of Sikh Genocide have emerged in Hond Chillar, Patudi & Riasi. Due to the state's failure to punish the culprits of the 1984 Sikh Genocide, Muslims in Ayodhya, U.P. (1992), and Ahmedabad, Gujarat (2002) as well as Christians in Kandhmal, Orissa (2008) have become victims of massacres of the similar pattern. The existence of minorities in India is clearly threatened.

**More Info: Final Solution, a documentary film**

## How have the Sikhs responded to this genocide?

Sikhs all over the world have responded in their own ways. They are still fighting for justice. Sikh institutions and media have highlighted this genocide; articles, books and movies have been produced and candle vigils are being held. A "One Minute of Silence" at 6:00 pm on November 1st is being observed every year. Sikhs from Canada have started the Blood Donation Campaign to commemorate the memory of the victims of Sikh Genocide and have saved more than 92 thousand precious lives. After North America and Australia, this life saving campaign against genocidal mindset is spreading around the world. Sikh Nation requests all the justice and peace loving people of the world to become a part of this humanitarian campaign. Human rights violations should never be condoned.

**JOIN THE CAMPAIGN AGAINST GENOCIDE**
**BLOOD DONATION BY SIKH NATION**

**604-218-1984 www.genocide1984.com**

"The only thing necessary for the triumph of evil is for good men to do nothing". - *Edmund Burke*

**"Thou shalt not be a victim. Thou shalt not be a perpetrator. Above all, thou shalt not be a bystander".** - ***Holocaust Museum***